ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ

<u>ਜਨਤਕ ਨੋਟਿਸ</u>

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਆਬਕਾਰੀ ਤੇ ਕਰ ਵਿਭਾਗ, ਪੰਜਾਬ ਦੀਆਂ ਆਬਕਾਰੀ ਤੇ ਕਰ ਨਿਰੀਖਕ ਦੀਆਂ 41 ਆਸਾਮੀਆਂ ਦੀ ਭਰਤੀ ਲਈ ਇਸ਼ਤਿਹਾਰ ਨੰ: 14 ਆਫ 2024 ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ ਇਸ਼ਤਿਹਾਰ ਵਿੱਚ ਉਮਰ ਸੀਮਾ ਲਈ cut-off ਮਿਤੀ 01-01-2025 ਰੱਖੀ ਗਈ ਸੀ ਜੋ ਕਿ Punjab Civil Services(General and Common Conditions of Service) Rules, 1994 ਅਨੁਸਾਰ ਰੱਖੀ ਗਈ ਸੀ। ਪ੍ਰੰਤੂ ਬੋਰਡ ਵੱਲੋਂ ਇਹ ਇਸ਼ਤਿਹਾਰ ਵਾਪਸ ਲੈ ਲਿਆ ਗਿਆ ਸੀ।

2. ਇਸ ਉਪਰੰਤ ਬੋਰਡ ਵੱਲੋਂ ਆਬਕਾਰੀ ਤੇ ਕਰ ਨਿਰੀਖਕ ਦੀਆਂ 197 ਆਸਾਮੀਆਂ ਦੀ ਭਰਤੀ ਲਈ ਇਸ਼ਤਿਹਾਰ ਨੰ: 01 ਆਫ 2026 ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ ਇਸ਼ਤਿਹਾਰ ਵਿੱਚ ਇਸ਼ਤਿਹਾਰ ਨੰ: 14/2024 ਲਈ ਅਪਲਾਈ ਕਰਨ ਵਾਲੇ ਉਮੀਦਵਾਰਾਂ ਲਈ ਉਮਰ ਸੀਮਾ ਦੀ ਛੋਟ ਦਿੱਤੀ ਗਈ ਸੀ। ਪ੍ਰੰਤੂ ਇਸ਼ਤਿਹਾਰ ਨੰ: 01/2026 ਵਿੱਚ ਇਸ਼ਤਿਹਾਰ ਨੰ: 14/2024 ਦੇ ਉਮੀਦਵਾਰਾਂ ਦੀ ਉਮਰ ਸੀਮਾ ਸਬੰਧੀ ਸ਼ਰਤ ਵਿੱਚ cut-off ਮਿਤੀ 01-01-2025 ਦੀ ਥਾਂ 01-01-2024 ਲਿਖੀ ਗਈ ਹੈ।

3. ਇਸ ਸਬੰਧੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਸ਼ਤਿਹਾਰ ਨੰ: 14/2024 ਲਈ ਅਪਲਾਈ ਕਰਨ ਵਾਲੇ ਉਮੀਦਵਾਰਾਂ ਦੀ ਉਮਰ ਸੀਮਾ ਦੀ cut-off ਮਿਤੀ 01-01-2025 ਹੀ ਹੈ, ਜੋ ਕਿ ਇਸ ਇਸ਼ਤਿਹਾਰ ਵਿੱਚ ਦਰਜ cut-off ਅਨੁਸਾਰ ਹੈ। ਇਸ ਲਈ ਇਸ਼ਤਿਹਾਰ ਨੰ: 01/2026 ਵਿੱਚ ਪੰਨਾ ਨੰ: 1 ਅਤੇ ਪੰਨਾ ਨੰ:6 ਤੇ ਲੜੀ ਨੰ: 5 ਅਧੀਨ ਨੋਟ 2 ਵਿੱਚ ਦਰਜ ਇਸ cutoff ਮਿਤੀ ਨੂੰ 01-01-2024 ਦੀ ਥਾਂ 01-01-2025 ਪੜਿਆ ਜਾਵੇ।

ਸਹੀ/-

ਮਿਤੀ: 25.11.2026 ਸਕੱਤਰ

ਸਥਾਨ: ਐਸ.ਏ.ਐਸ. ਨਗਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।